# ELL ਪ੍ਰੋਗਰਾਮ ਦੀ ਚੋਣ ਅਤੇ ਵਿਦਿਆਰਥੀ ਨੂੰ ਉਸ ਵਿੱਚ ਥਾਂ ਦਿਤੇ ਜਾਣ ਸੰਬੰਧੀ ਯਾਦ ਰਖਣ ਵਾਲੀਆਂ ਜ਼ਰੂਰੀ ਗਲਾਂ

- ELL ਵਿਦਿਆਰਥੀ ਨੂੰ ਦਾਖਲ ਕੀਤੇ ਜਾਣ ਦੇ 10 ਦਿਨਾਂ ਦੇ ਅੰਦਰ ਅੰਦਰ, ਅੰਗਰੇਜ਼ੀ ਸਿਖਣ ਤਕ ਦੇ ਵਿਚਲੇ ਸਮੇਂ ਵਿੱਚ ਦੋ ਭਾਸ਼ਾਵਾਂ ਵਿੱਚ ਪੜ੍ਹਾਈ (TBE) ਦੇ ਪ੍ਰੋਗਰਾਮ, ਦੋ ਭਾਸ਼ਾਵਾਂ ਦੇ ਪ੍ਰੋਗਰਾਮ ਜਾਂ ਦੂਜੀ ਭਾਸ਼ਾ ਵਜੋਂ ਅੰਗਰੇਜ਼ੀ ਦੀ ਪੜ੍ਹਾਈ (ESL) ਦੇ ਪ੍ਰੋਗਰਾਮ ਵਿੱਚ ਥਾਂ ਦਿਤੀ ਜਾਣੀ ਚਾਹੀਦੀ ਹੈ।
- ਅਧਿਐਨਾਂ ਤੋਂ ਪਤਾ ਲਗਦਾ ਹੈ ਕਿ ਜਿਹੜੇ ਵਿਦਿਆਰਥੀ ਲਗਾਤਾਰ ਇਕ ਪ੍ਰੋਗਰਾਮ ਵਿੱਚ ਰਹਿੰਦੇ ਹਨ, ਉਹ ਅੰਗਰੇਜ਼ੀ ਵਿੱਚ ਪ੍ਰਬੀਨਤਾ ਉਨ੍ਹਾਂ ਵਿਦਿਆਰਥੀਆਂ ਨਾਲੋਂ ਵਧੇਰੇ ਤੇਜ਼ੀ ਨਾਲ ਹਾਸਲ ਕਰਦੇ ਹਨ, ਅਤੇ ਪੜ੍ਹਾਈ ਵਿੱਚ ਵੀ ਉਨ੍ਹਾਂ ਨਾਲੋਂ ਵਧੇਰੇ ਚੰਗੇ ਹੁੰਦੇ ਹਨ, ਜੋ ਇਕ ਪ੍ਰੋਗਰਾਮ ਨੂੰ ਛਡਕੇ ਦੂਜੇ ਵਿੱਚ ਚਲੇ ਜਾਂਦੇ ਹਨ।
- ਜੇ ਤੁਹਾਡੇ ਵਲੋਂ ਚੁਣਿਆ ਗਿਆ TBE ਪ੍ਰੋਗਰਾਮ ਤੁਹਾਡੇ ਬੱਚੇ ਦੇ ਸਕੂਲ ਵਿੱਚ ਉਪਲਬਧ ਨਹੀਂ, ਤਾਂ ਤੁਸੀਂ ਉਸ ਡਿਸਟ੍ਰਿਕਟ ਵਿੱਚ ਕਿਸੇ ਹੋਰ ਅਜਿਹੇ ਸਕੂਲ ਵਿੱਚ ਤਬਾਦਲੇ ਲਈ ਬੇਨਤੀ ਕਰ ਸਕਦੇ ਹੋ, ਜਿਥੇ TBE ਪ੍ਰੋਗਰਾਮ ਉਪਲਬਧ ਹੋਵੇ। ਸਾਰੇ ELL ਵਿਦਿਆਰਥੀਆਂ ਨੂੰ ਘਟੋ ਘਟ ਇਕ ESL ਪ੍ਰੋਗਰਾਮ ਜ਼ਰੂਰ ਮਿਲਣਾ ਚਾਹੀਦਾ ਹੈ।
- ਜੇ ਤੁਸੀਂ ਮਾਤਾ-ਪਿਤਾ ਦੇ ਸਰਵੇਖਣ ਅਤੇ ਪ੍ਰੋਗਰਾਮ ਦੀ ਚੋਣ ਬਾਰੇ ਫ਼ਾਰਮ ਨਹੀਂ ਭਰਦੇ, ਤਾਂ ਸਕੂਲ ਆਪਣੇ ਆਪ ਹੀ ਤੁਹਾਡੇ ਬੱਚੇ ਨੂੰ ਇਕ TBE ਪ੍ਰੋਗਰਾਮ ਵਿੱਚ, ਜੇ ਉਹ ਉਪਲਬਧ ਹੋਵੇ, ਥਾਂ ਦੇ ਦੇਵੇਗਾ। ਨਹੀਂ ਤਾਂ ਬੱਚੇ ਨੂੰ ਇਕ ESL ਪ੍ਰੋਗਰਾਮ ਵਿੱਚ ਥਾਂ ਦੇ ਦਿਤੀ ਜਾਵੇਗੀ।
- ਜੇ ਤੁਹਾਡਾ ਬੱਚਾ ਨਿਊ ਯਾਰਕ ਸਟੇਟ ਦੇ ਦੂਜੀ ਭਾਸ਼ਾ ਵਜੋਂ ਅੰਗਰੇਜ਼ੀ ਦੇ ਗਿਆਨ ਦੇ ਟੈਸਟ (New York State English as a Second Language Achievement Test, NYSESLAT) ਵਿੱਚ, ਸਟੇਟ ਲਈ ਨਿਰਧਾਰਤ ਪ੍ਰਬੀਨਤਾ ਦੀ ਪਧੱਰ ਤੋਂ ਉਪਰ ਚਲਾ ਜਾਂਦਾ ਹੈ, ਤਾਂ ਉਹ ਸਾਰੀ ਪੜ੍ਹਾਈ ਅੰਗਰੇਜ਼ੀ ਵਿੱਚ ਕਰਨ ਦੇ ਪ੍ਰੋਗਰਾਮ ਵਿੱਚ ਸ਼ਾਮਲ ਹੋ ਸਕਦਾ ਹੈ। ਤੁਹਾਡੇ ਬੱਚੇ ਲਈ ਭਾਸ਼ਾਵਾਂ ਵਿੱਚ ਪੜ੍ਹਾਈ, ਜਾਂ ESL ਸਮਰਥਨ ਜਾਰੀ ਰਹਿ ਸਕਦਾ ਹੈ।
- ਹਰ ਨਵੇਂ ਸਕੂਲ ਵਰ੍ਹੇ ਦੇ ਸ਼ੁਰੂ ਹੋਣ ਤੋਂ ਪਹਿਲਾਂ ਤੁਹਾਨੂੰ, ਤੁਹਾਡੇ ਬੱਚੇ ਦੀ, ਅੰਗਰੇਜ਼ੀ ਵਿੱਚ ਪ੍ਰਬੀਨਤਾ (NYSESLAT ਵਿੱਚ ਉਸਦੇ ਸਕੋਰ ਨੂੰ ਵੇਖਦਿਆਂ) ਦੇ ਆਧਾਰ 'ਤੇ ਸਮਰਥਨ ਸੇਵਾਵਾਂ ਲਈ ਹੱਕਦਾਰੀ ਦੇ ਜਾਰੀ ਰਹਿਣ ਬਾਰੇ ਸੂਚਿਤ ਕੀਤਾ ਜਾਵੇਗਾ।
- ELL ਵਿਦਿਆਰਥੀਆਂ ਨੂੰ ਜਿਨ੍ਹਾਂ ਨੂੰ ਵਿਸ਼ੇਸ਼ ਵਿਦਿਅਕ ਸੇਵਾਵਾਂ ਵੀ ਮਿਲਦੀਆਂ ਹਨ ਉਨ੍ਹਾਂ ਦੀਆਂ ਵਿਅਕਤੀਗਤ ਵਿਦਿਆ ਯੋਜਨਾਵਾਂ (Individual Education Plans, IEP) ਅਨੁਸਾਰ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

## ਤੁਸੀਂ ਆਪਣੇ ਬੱਚੇ ਦੀ ਪੜ੍ਹਾਈ ਵਿੱਚ ਹੇਠਾਂ ਦਸੇ ਗਏ ਤਰੀਕਿਆਂ ਦੁਆਰਾ ਹਿੱਸਾ ਲੈ ਸਕਦੇ ਹੋ:

- ਯਕੀਨੀ ਬਣਾਉ ਕਿ ਤੁਹਾਡਾ ਬੱਚਾ ਹਰ ਰੋਜ਼ ਸਕੂਲ ਜਾਵੇ ਅਤੇ ਸਿਖਣ ਲਈ ਤਿਆਰ ਹੋਵੇ।
- ਪੱਕ ਕਰੋ ਕਿ ਤੁਹਾਡਾ ਬੱਚਾ ਪੜ੍ਹੇ, ਪੜ੍ਹਾਈ ਦੇ ਮਜ਼ਮੂਨਾਂ ਦਾ ਅਧਿਐਨ ਕਰੇ ਅਤੇ ਹਰ ਰੋਜ਼ ਆਪਣਾ ਹੋਮ ਵਰਕ ਮੁਕੰਮਲ ਕਰੇ।
- ਸਕੂਲ ਦੀਆਂ ਸਰਗਰਮੀਆਂ ਵਿੱਚ ਹਿੱਸਾ ਲਉ, ਜਿਵੇਂ ਕਿ ਕਦੀ ਕਦੀ ਕਲਾਸ ਰੂਮ ਵਿੱਚ, ਅਸੈਂਬਲੀ ਵਿੱਚ ਜਾਣਾ ਅਤੇ ਮਾਤਾ-ਪਿਤਾ ਅਧਿਆਪਕਾਂ ਦੀ ਐਸੋਸੀਏਸ਼ਨ (Parent Teacher Association, PTA)/ ਮਾਤਾ-ਪਿਤਾ ਦੀ ਐਸੋਸੀਏਸ਼ਨ (Parent Association, PA) ਮੀਟਿੰਗਾਂ ਵਿੱਚ ਸ਼ਾਮਲ ਹੋਣਾ।
- ਮਾਤਾ-ਪਿਤਾ ਅਤੇ ਅਧਿਆਪਕਾਂ ਦੀਆਂ ਸਾਰੀਆਂ ਕਾਨਫ਼ਰੰਸਾਂ ਵਿੱਚ ਹਿੱਸਾ ਲਉ।
- ਮਾਤਾ-ਪਿਤਾ ਲਈ ਵਰਕਸ਼ਾਪਾਂ ਅਤੇ ਕਾਨਫ਼ਰੰਸਾਂ ਵਿੱਚ ਹਿੱਸਾ ਲਉ, ਜਿਨ੍ਹਾਂ ਦਾ ਉਦੇਸ਼ ਖ਼ਾਸ ਤੌਰ 'ਤੇ ਇਸ ਗਲ ਵਿੱਚ ਤੁਹਾਡੀ ਮਦਦ ਕਰਨਾ ਹੈ ਕਿ ਤੁਸੀਂ ਆਪਣੇ ਬੱਚੇ ਦੀ ਸਹਾਇਤਾ ਕਰ ਸਕੋ।
- ਆਪਣੇ ਬੱਚੇ ਨੂੰ ਇਕ ਪਬਲਿਕ ਲਾਇਬ੍ਰੇਰੀ ਦਾ ਕਾਰਡ ਲੈ ਕੇ ਦਿਉ ਅਤੇ ਉਸਨੂੰ ਅਕਸਰ ਲਾਇਬ੍ਰੇਰੀ ਵਿੱਚ ਲੈ ਕੇ ਜਾਉ।
- ਆਪਣੇ ਬੱਚੇ ਦੇ ਸਕੂਲ ਵਿੱਚ ਇਕ ਵਾਲੰਟੀਅਰ ਮਾਤਾ-ਪਿਤਾ ਵਜੋਂ ਕੰਮ ਕਰੋ।
- ਘਰ ਵਿੱਚ ਸਿਖਣ ਅਤੇ ਪੜ੍ਹਨ ਲਈ ਇਕ ਸੁਖਾਵਾਂ ਮਾਹੌਲ ਪੈਦਾ ਕਰੋ।
- ਹਰ ਰੋਜ਼ ਆਪਣੇ ਬੱਚੇ ਨਾਲ ਬੈਠ ਕੇ ਆਪਣੀ ਭਾਸ਼ਾ ਵਿੱਚ ਕੁਝ ਪੜ੍ਹੋ ਅਤੇ ਬੱਚੇ ਨੂੰ ਰੋਜ਼ਾਨਾ 30 ਮਿੰਟ ਪੜ੍ਹਨ ਲਈ ਉਤਸ਼ਾਹ ਦਿਉ।

## ਹੋਰ ਜਾਣਕਾਰੀ ਲਈ ਤੁਸੀਂ:

- ਆਪਣੇ ਬੱਚੇ ਦੇ ਅਧਿਆਪਕ, ਪ੍ਰਿੰਸੀਪਲ ਜਾਂ ਮਾਤਾ-ਪਿਤਾ ਨਾਲ ਤਾਲਮੇਲ ਰਖਣ ਵਾਲੇ ਕੋਆਰਡੀਨੇਟਰ ਨਾਲ ਗਲ ਕਰ ਸਕਦੇ ਹੋ।
- ਪੜ੍ਹਾਈ ਵਿੱਚ ਸਮਰਥਨ ਦੇਣ ਵਾਲੇ ਕਿਸੇ ਵੀ ਪ੍ਰਾਦੇਸ਼ਕ ਸੈਂਟਰ (Regional Learning Support Centers) ਵਿੱਚ ਜਾ ਸਕਦੇ ਹੋ। ਮਾਤਾ-ਪਿਤਾ ਨਾਲ ਤਾਲਮੇਲ ਰਖਣ ਵਾਲੇ ਕੋਆਰਡੀਨੇਟਰ ਕੋਲੋਂ ਅਜਿਹੇ ਸੈਂਟਰ ਦਾ ਪਤਾ ਅਤੇ ਟੈਲੀਫ਼ੋਨ ਨੰਬਰ ਪੁਛੋ, ਜੋ ਤੁਹਾਡੀ ਨਜ਼ਦੀਕ ਹੋਵੇ।
- 311 'ਤੇ ਫ਼ੋਨ ਕਰਕੇ ਆਪਣੇ ਸਥਾਨਕ, ਪ੍ਰਾਦੇਸ਼ਕ ਜਾਂ ਡਿਸਟ੍ਰਿਕਟ ਦਫ਼ਤਰ ਦਾ ਪਤਾ ਪੁਛ ਸਕਦੇ ਹੋ ਅਤੇ ਉਥੇ ਜਾ ਸਕਦੇ ਹੋ।
- ELL ਦੇ ਦਫ਼ਤਰ ਨੂੰ (212) 374-6072 'ਤੇ ਫ਼ੋਨ ਕਰ ਸਕਦੇ ਹੋ।
- ਵਿਦਿਆ ਵਿਭਾਗ ਦੀ ਵੈੱਬ ਸਾਈਟ www.nycenet.edu ਵੇਖ ਸਕਦੇ ਹੋ।

**ਸਿਟੀ ਆਫ਼ ਨਿਊ ਯਾਰਕ**
**ਵਿਦਿਆ ਵਿਭਾਗ**

*Joel I. Klein*
ਚਾਂਸਲਰ

*Carmen Fariña*
ਡਿਪਟੀ ਚਾਂਸਲਰ
ਪੜ੍ਹਾਉਣ ਅਤੇ ਸਿਖਿਆ ਬਾਰੇ

*Maria Santos*
ਸੀਨੀਅਰ ਇਨਸਟ੍ਰਕਸ਼ਨਲ ਮੈਨੇਜਰ
ਅੰਗਰੇਜ਼ੀ ਭਾਸ਼ਾ ਸਿਖਣ ਵਾਲਿਆਂ ਬਾਰੇ ਆਫ਼ਿਸ

T&I177

# ਅੰਗਰੇਜ਼ੀ ਭਾਸ਼ਾ ਸਿਖਣ ਵਾਲਿਆਂ ਦੇ ਮਾਤਾ-ਪਿਤਾ ਲਈ ਗਾਈਡ

**ਦਿ ਨਿਊ ਯਾਰਕ ਸਿਟੀ**
**ਵਿਦਿਆ ਵਿਭਾਗ**

ਅੰਗਰੇਜ਼ੀ ਭਾਸ਼ਾ ਸਿਖਣ ਵਾਲਿਆਂ ਬਾਰੇ ਆਫ਼ਿਸ

Punjabi



— ਇਹ ਡਰਾਇੰਗ ਛੇਵੇਂ ਗ੍ਰੇਡ ਦੇ ਆਰਟਿਸਟ Jeormen Carr (PS 137, ਰੀਜਨ 5) ਨੇ ਬਣਾਈ ਹੈ, ਜੋ 2004 ਦੇ ''ਸ੍ਰੇਸ਼ਟਤਾ ਦੇ ਮਾਰਗ'' ("Bridges to Excellence") ELL ਲੇਖ਼ੋਂ ਮੁਕਾਬਲੇ ਦਾ ਵਿਜੇਤਾ ਹੈ

## ਸਾਡਾ ਉਦੇਸ਼:

ਅੰਗਰੇਜ਼ੀ ਭਾਸ਼ਾ ਸਿਖਣ ਵਾਲਿਆਂ (English Language Learners, ELLs) ਬਾਰੇ ਆਫ਼ਿਸ, ਅੰਗਰੇਜ਼ੀ ਭਾਸ਼ਾ ਸਿਖਣ ਵਾਲਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸ੍ਰੇਸ਼ਟ ਵਿਦਿਆ ਤਕ ਉਚਿਤ ਪਹੁੰਚ ਪ੍ਰਦਾਨ ਕਰਦਾ ਹੈ, ਅਤੇ ਅਜਿਹਾ ਉਹ ਪੜ੍ਹਾਉਣ ਵਾਲੇ ਸਟਾਫ਼ ਨੂੰ ਮਜ਼ਬੂਤ ਬਣਾ ਕੇ, ਮਾਤਾ-ਪਿਤਾ ਦੀ ਸ਼ਮੂਲੀਅਤ ਨੂੰ ਪ੍ਰੋਤਸਾਹਨ ਦੇ ਕੇ ਅਤੇ ਪਦਾਰਥਕ ਵਸੀਲਿਆਂ ਨੂੰ ਬਿਹਤਰ ਬਣਾ ਕੇ ਕਰਦਾ ਹੈ। ਆਫ਼ਿਸ ਦਾ ਜਤਨ ਹੈ ਕਿ ਪੜ੍ਹਾਈ ਲਈ ਕਰੜਾਈ ਵਾਲਾ ਮਾਹੌਲ ਪੈਦਾ ਕੀਤਾ ਜਾਵੇ, ਜਿਸ ਵਿੱਚ ਵਿਦਿਅਕ ਪ੍ਰਾਪਤੀ, ਭਾਸ਼ਾ ਅਤੇ ਸਮਾਜਕ ਵਿਕਾਸ ਅਤੇ ਮਿਲਵੇਂ-ਸਭਿਚਾਆਰਕ ਸਮਰਥਨ 'ਤੇ ਜ਼ੋਰ ਦਿਤਾ ਜਾਵੇ।

ਪਿਆਰੇ ਮਾਤਾ-ਪਿਤਾ ਜਾਂ ਸਰਪਰੱਸਤ:

ਨਿਊ ਯਾਰਕ ਸਿਟੀ ਦੇ ਵਿਦਿਆ ਵਿਭਾਗ (New York City Department of Education) ਦਾ ਅੰਗਰੇਜ਼ੀ ਸਿਖਣ ਵਾਲਿਆਂ ਬਾਰੇ ਆਫ਼ਿਸ ਚਾਹੁੰਦਾ ਹੈ ਕਿ ਤੁਹਾਡਾ ਬੱਚਾ ਪੜ੍ਹਾਈ ਵਿੱਚ ਕਾਮਯਾਬੀ ਹਾਸਲ ਕਰੇ। ਇਹੀ ਵਜ੍ਹਾ ਹੈ ਕਿ ਅਸੀਂ ਨਵੇਂ ਦਾਖ਼ਲ ਹੋਣ ਵਾਲੇ ਅਜਿਹੇ ਵਿਦਿਆਰਥੀਆਂ ਲਈ ਉਪਲਬਧ ਪ੍ਰੋਗਰਾਮ ਬਾਰੇ ਜਾਣਕਾਰੀ ਤੁਹਾਡੇ ਨਾਲ ਸਾਂਝੀ ਕਰਨ ਦੇ ਚਾਹਵਾਨ ਹਾਂ, ਜਿਨ੍ਹਾਂ ਦੀ ਆਪਣੀ ਭਾਸ਼ਾ ਅੰਗਰੇਜ਼ੀ ਨਹੀਂ ਅਤੇ ਜਿਨ੍ਹਾਂ ਨੂੰ ਸਾਡੇ ਸਕੂਲਾਂ ਵਿੱਚ ਅੰਗਰੇਜ਼ੀ ਵਿੱਚ ਪ੍ਰਬੀਨਤਾ ਪ੍ਰਾਪਤ ਕਰਨ ਲਈ ਸਹਾਇਤਾ ਦੀ ਜ਼ਰੂਰਤ ਹੋ ਸਕਦੀ ਹੈ। ਅਸੀਂ ਅਜਿਹੇ ਵਿਦਿਆਰਥੀਆਂ ਨੂੰ ਅੰਗਰੇਜ਼ੀ ਭਾਸ਼ਾ ਸਿਖਣ ਵਾਲੇ ਜਾਂ ELLs ਆਖਦੇ ਹਾਂ।

ਨਿਊ ਯਾਰਕ ਸਿਟੀ ਵਿੱਚ ELLs ਲਈ ਪ੍ਰੋਗਰਾਮ ਸਿਰਫ਼ ਅੰਗਰੇਜ਼ੀ ਭਾਸ਼ਾ ਦੇ ਵਿਕਾਸ ਦੀ ਚਾਲ ਤੇਜ਼ ਨਹੀਂ ਕਰਦੇ, ਸਗੋਂ ਇਨ੍ਹਾਂ ਦੇ ਹੋਰ ਵੀ ਫ਼ਾਇਦੇ ਹਨ। ਇਸ ਵੇਲੇ ਸਾਡੇ ਸਕੂਲਾਂ ਵਿੱਚ ELLs ਦੀ ਗਿਣਤੀ 143,000 ਤੋਂ ਉਪਰ ਹੈ, ਜੋ ਵਖ ਵਖ ਭਾਸ਼ਾਵਾਂ ਅਰਥਾਤ 160 ਭਾਸ਼ਾਵਾਂ ਬੋਲਣ ਵਾਲੇ ਹਨ। ਸਾਡੇ ਪ੍ਰੋਗਰਾਮ ਇਨ੍ਹਾਂ ਵਿਦਿਆਰਥੀਆਂ ਨੂੰ ਭਾਸ਼ਾ ਸਿਖਣ ਤੋਂ ਇਲਾਵਾ ਆਪੋ ਆਪਣੀ ਭਾਸ਼ਾ ਦੀ ਸਾਖਰਤਾ ਅਤੇ ਪੜ੍ਹਾਈ ਦੇ ਹੋਰ ਮਜ਼ਮੂਨਾਂ ਜਿਵੇਂ ਕਿ ਸਾਇੰਸ ਅਤੇ ਮੈਥਸ ਵਿੱਚ ਆਪਣੀ ਪ੍ਰਤਿਭਾ ਅਤੇ ਯੋਗਤਾ ਵਧਾਉਣ ਵਿੱਚ ਵੀ ਸਹਾਇਤਾ ਦਿੰਦੇ ਹਨ। ਸਾਡੇ ਸਕੂਲਾਂ ਵਿੱਚ ELLs ਨੂੰ ਪੜ੍ਹਾਈ ਵਿੱਚ ਉਚ ਕੋਟੀ ਦੀ ਸਫ਼ਲਤਾ ਹਾਸਲ ਕਰਨ ਲਈ ਇਹ ਜ਼ਰੂਰੀ ਹੈ, ਕਿ ਉਹ ਆਪਣੇ ਗ੍ਰੇਡ ਲੈਵਲ ਵਿੱਚ ਸਟੇਟ ਅਤੇ ਸਿਟੀ ਦੇ ਉਨ੍ਹਾਂ ਕਰੜੇ ਮਿਆਰਾਂ 'ਤੇ ਪੂਰੇ ਉਤਰਨ, ਜੋ ਅੰਗਰੇਜ਼ੀ ਵਿੱਚ ਪ੍ਰਬੀਨ ਵਿਦਿਆਰਥੀਆਂ ਲਈ ਹਨ। ਇਹਦੇ ਲਈ ਸਿਰਫ਼ ਅੰਗਰੇਜ਼ੀ ਭਾਸ਼ਾ ਵਿੱਚ ਸਮਰਥਨ ਦੀ ਹੀ ਨਹੀਂ, ਸਗੋਂ ਹੋਰ ਸਹਾਇਤਾ ਦੀ ਵੀ ਜ਼ਰੂਰਤ ਹੈ।

ਨਿਊ ਯਾਰਕ ਸਿਟੀ ਵਿੱਚ ਅਸੀਂ ਦੋ ਭਾਸ਼ਾਈ ਪ੍ਰੋਗਰਾਮ (ਵਿਚਲੇ ਸਮੇਂ ਵਿੱਚ ਦੋ ਭਾਸ਼ਾਈ ਪੜ੍ਹਾਈ ਅਤੇ ਦੋ ਭਾਸ਼ਾਵਾਂ) (Transitional Bilingual Education and Dual Language) ਚਲਾਉਂਦੇ ਹਾਂ, ਜਿਨ੍ਹਾਂ ਹੇਠ ਵਿਦਿਆਰਥੀ ਅੰਗਰੇਜ਼ੀ ਸਿਖਣ ਦੇ ਨਾਲ ਨਾਲ ਆਪਣੀ ਭਾਸ਼ਾ ਦਾ ਅਤੇ ਹੋਰ ਮਜ਼ਮੂਨਾਂ ਬਾਰੇ ਗਿਆਨ ਵਧਾਉਂਦੇ ਹਨ। ਅਸੀਂ ਦੂਜੀ ਭਾਸ਼ਾ ਵਜੋਂ ਅੰਗਰੇਜ਼ੀ (English as a Second Language, ESL) ਪ੍ਰੋਗਰਾਮ ਵੀ ਪ੍ਰਦਾਨ ਕਰਦੇ ਹਾਂ, ਜਿਨ੍ਹਾਂ ਵਿੱਚ ਵਿਦਿਆਰਥੀਆਂ ਨੂੰ ਨਵੀਂ ਭਾਸ਼ਾ ਦਾ ਗਿਆਨ ਵਧਾਉਣ ਅਤੇ ਅੰਗਰੇਜ਼ੀ ਦੁਆਰਾ ਹੋਰ ਮਜ਼ਮੂਨ ਪੜ੍ਹਨ ਵਿੱਚ ਸਹਾਇਤਾ ਦੇਣ ਦੇ ਢੰਗਾਂ ਦੀ ਵਰਤੋਂ ਕਰਦੇ ਹਾਂ। ਸਾਰੇ ਪ੍ਰੋਗਰਾਮਾਂ ਵਿੱਚ ਵਿਦਿਆਰਥੀਆਂ ਨੂੰ ਅੰਗਰੇਜ਼ੀ ਵਿੱਚ ਉਨ੍ਹਾਂ ਦੀ ਪ੍ਰਬੀਨਤਾ ਦੀ ਪਧਰ ਦੇ ਅਨੁਕੂਲ ESL ਸਮਰਥਨ ਪ੍ਰਦਾਨ ਕੀਤਾ ਜਾਂਦਾ ਹੈ।

ਮਾਤਾ-ਪਿਤਾ ਵਜੋਂ ਇਹ ਫ਼ੈਸਲਾ ਕਰਨ ਵਿੱਚ ਤੁਹਾਡੀ ਪ੍ਰਮੁਖ ਭੂਮਿਕਾ ਹੈ ਕਿ ਕਿਹੜਾ ਪ੍ਰੋਗਰਾਮ ਤੁਹਾਡੇ ਬੱਚੇ ਦੀਆਂ ਵਿਦਿਅਕ ਅਤੇ ਸਭਿਆਚਾਰਕ ਜ਼ਰੂਰਤਾਂ ਨੂੰ ਵੇਖਦਿਆਂ ਸਭ ਤੋਂ ਵਧ ਢੁਕਵਾਂ ਹੈ। ਅਸੀਂ ਇਹ ਫ਼ੈਸਲੇ ਕਰਨ ਵਿੱਚ ਤੁਹਾਡੇ ਨਾਲ ਮਿਲ ਕੇ ਕੰਮ ਕਰਨ ਦੇ ਚਾਹਵਾਨ ਹਾਂ, ਅਤੇ ਤੁਹਾਡੇ ਵਲੋਂ ਆਪਣੇ ਬੱਚੇ ਦੀ ਪੜ੍ਹਾਈ ਵਿੱਚ ਸ਼ਿਰਕਤ ਦੀ ਕਦਰ ਕਰਦੇ ਹਾਂ। ਤੁਸੀਂ ਆਪਣੇ ਬੱਚੇ ਦੇ ਸਕੂਲ ਵਿੱਚ ਮਾਤਾ-ਪਿਤਾ ਨਾਲ ਤਾਲਮੇਲ ਰਖਣ ਵਾਲੇ ਕੋਆਰਡੀਨੇਟਰਾਂ ਅਤੇ ਸਟਾਫ਼ ਦੇ ਮੈਂਬਰਾਂ ਨੂੰ ELL ਪ੍ਰੋਗਰਾਮਾਂ ਬਾਰੇ ਨਿਰਸੰਕੋਚ ਹੋ ਕੇ ਪੁੱਛੋ, ਜਾਂ ਇਸ ਬੋਰਸ਼ਰ ਵਿੱਚ ਦਿਤੀ ਗਈ ਸੰਪਰਕ ਸੂਚਨਾ ਦੀ ਵਰਤੋਂ ਕਰੋ। ਅਸੀਂ ਤੁਹਾਡੇ ਲਈ ਅਤੇ ਤੁਹਾਡੇ ਬੱਚੇ ਲਈ ਇਕ ਪ੍ਰਸੰਨ ਅਤੇ ਸਫ਼ਲ ਵਰ੍ਹੇ ਦੀ ਕਾਮਨਾ ਕਰਦੇ ਹਾਂ।

ਸ਼ੁਭ ਚਿੰਤਕ,

*ਦਿ ਆਫ਼ਿਸ ਆਫ਼ ELLs*

# ਅੰਗਰੇਜ਼ੀ ਸਿਖਣ ਵਾਲਿਆਂ (ELLs) ਬਾਰੇ ਅਕਸਰ ਪੁਛੇ ਜਾਂਦੇ ਸਵਾਲ

### ਸਕੂਲ ਇਹ ਫ਼ੈਸਲਾ ਕਿਵੇਂ ਕਰਦਾ ਹੈ ਕਿ ਕੀ ਮੇਰਾ ਬੱਚਾ ਅੰਗਰੇਜ਼ੀ ਭਾਸ਼ਾ ਸਿਖਣ ਵਾਲਾ ਹੈ?

ਨਵੇਂ ਦਾਖ਼ਲ ਹੋਣ ਵਾਲੇ ਸਾਰੇ ਵਿਦਿਆਰਥੀਆਂ ਦੇ ਮਾਤਾ-ਪਿਤਾ ਜਾਂ ਸਰਪਰੱਸਤਾਂ ਨੂੰ ਘਰ ਵਿੱਚ ਬੋਲੀ ਜਾਂਦੀ ਭਾਸ਼ਾ ਦੀ ਨਿਸ਼ਾਨਦਹੀ ਬਾਰੇ ਸਰਵੇਖਣ (Home Language Identification Survey, HLIS) ਦਾ ਫ਼ਾਰਮ ਭਰਨ ਲਈ ਕਿਹਾ ਜਾਂਦਾ ਹੈ। ਇਸ ਸਰਵੇਖਣ ਦੁਆਰਾ ਸਕੂਲ ਦੇ ਸਟਾਫ਼ ਨੂੰ ਇਹ ਜਾਣਕਾਰੀ ਮਿਲਦੀ ਹੈ, ਕਿ ਤੁਹਾਡੇ ਘਰ ਵਿੱਚ ਕਿਹੜੀ ਭਾਸ਼ਾ ਬੋਲੀ ਜਾਂਦੀ ਹੈ। ਜੇ HLIS ਤੋਂ ਇਹ ਪਤਾ ਲਗਦਾ ਹੈ ਕਿ ਤੁਹਾਡਾ ਬੱਚਾ ਅੰਗਰੇਜ਼ੀ ਨੂੰ ਛਡਕੇ ਕਿਸੇ ਹੋਰ ਭਾਸ਼ਾ ਦੀ ਵਰਤੋਂ ਕਰਦਾ ਹੈ, ਤਾਂ ਉਸਦਾ ਅੰਗਰੇਜ਼ੀ ਵਿੱਚ ਪ੍ਰਬੀਨਤਾ ਦਾ ਟੈਸਟ ਲਿਆ ਜਾਂਦਾ ਹੈ, ਜਿਸਨੂੰ ਭਾਸ਼ਾ ਸੰਬੰਧੀ ਜਾਇਜ਼ਾ ਲੈਣ ਲਈ ਬੈਟਰੀ-ਰੀਵਾਈਜ਼ਡ (Language Assessment Battery Revised, LAB-R) ਕਿਹਾ ਜਾਂਦਾ ਹੈ। ਇਸ ਟੈਸਟ ਵਿੱਚ ਤੁਹਾਡੇ ਬੱਚੇ ਦੀ ਕਾਰਗੁਜ਼ਾਰੀ ਦੇ ਆਧਾਰ 'ਤੇ ਇਹ ਫ਼ੈਸਲਾ ਕੀਤਾ ਜਾਂਦਾ ਹੈ ਕਿ ਕੀ ਉਹ ਅੰਗਰੇਜ਼ੀ ਭਾਸ਼ਾ ਦੇ ਗਿਆਨ ਦੇ ਵਾਧੇ ਲਈ ਸਮਰਥਨ ਸੇਵਾਵਾਂ ਦਾ ਹੱਕਦਾਰ ਹੈ। (ਜੇ LAB-R ਦੇ ਨਤੀਜੇ ਤੋਂ ਪਤਾ ਲਗਦਾ ਹੈ ਕਿ ਬੱਚਾ ਅੰਗਰੇਜ਼ੀ ਭਾਸ਼ਾ ਸਿਖਣ ਵਾਲਾ ELL ਹੈ ਅਤੇ ਉਸਦੇ ਘਰ ਵਿੱਚ ਸਪੈਨਿਸ਼ ਭਾਸ਼ਾ ਵਰਤੀ ਜਾਂਦੀ ਹੈ, ਤਾਂ ਇਹ ਜਾਣਨ ਲਈ ਉਸਦਾ ਸਪੈਨਿਸ਼ ਵਿੱਚ LAB ਟੈਸਟ ਲੈਣਾ ਜ਼ਰੂਰੀ ਹੈ, ਕਿ ਉਸ ਨੂੰ ਇਸ ਭਾਸ਼ਾ ਦਾ ਕਿੰਨਾ ਗਿਆਨ ਹੈ।)

### ਮੇਰੇ ਬੱਚੇ ਦੀ ਅੰਗਰੇਜ਼ੀ ਭਾਸ਼ਾ ਦੇ ਗਿਆਨ ਵਿੱਚ ਵਾਧੇ ਲਈ ਸੇਵਾਵਾਂ ਵਾਸਤੇ ਹੱਕਦਾਰੀ ਬਾਰੇ ਮੈਨੂੰ ਕੌਣ ਸੂਚਿਤ ਕਰੇਗਾ?

ELL ਪੜ੍ਹਾਈ ਪ੍ਰੋਗਰਾਮਾਂ ਲਈ ਵਿਦਿਆਰਥੀਆਂ ਦੀ ਸ਼ਨਾਖ਼ਤ ਕਰਨਾ, ਸੂਚਿਤ ਕਰਨਾ ਅਤੇ ਵਿਦਿਆਰਥੀਆਂ ਨੂੰ ਇਨ੍ਹਾਂ ਪ੍ਰੋਗਰਾਮਾਂ ਵਿੱਚ ਸ਼ਾਮਲ ਕਰਨਾ ਸਕੂਲਾਂ ਦੀ ਜ਼ਿਮੇਵਾਰੀ ਹੈ।

### ਮੇਰੇ ਬੱਚੇ ਦੀ ਹੱਕਦਾਰੀ ਦੀ ਸਥਿੱਤੀ ਸੰਬੰਧੀ ਸੂਚਨਾ ਮਿਲਣ ਤੋਂ ਬਾਅਦ ਮੈਨੂੰ ELL ਪ੍ਰੋਗਰਾਮਾਂ ਅਤੇ ਸੇਵਾਵਾਂ ਬਾਰੇ ਹੋਰ ਜਾਣਕਾਰੀ ਕਿਵੇਂ ਮਿਲ ਸਕਦੀ ਹੈ?

ਸਕੂਲਾਂ ਲਈ ਇਹ ਜ਼ਰੂਰੀ ਹੈ, ਕਿ ਉਹ ਨਵੇਂ ਦਾਖ਼ਲ ਹੋਣ ਵਾਲੇ ELL ਵਿਦਿਆਰਥੀਆਂ ਦੇ ਮਾਤਾ-ਪਿਤਾ ਜਾਂ ਸਰਪਰੱਸਤਾਂ ਨੂੰ ਵਖ ਵਖ ELL ਪ੍ਰੋਗਰਾਮਾਂ, ਜੋ ਉਪਲਬਧ ਹੋਣ, ਦੀ ਜਾਣਕਾਰੀ ਦੇਣ ਲਈ ਉਨ੍ਹਾਂ ਦੀਆਂ ਮੀਟਿੰਗਾਂ ਰਖਣ। ਅਜਿਹੀਆਂ ਪਰਿਚੈ ਮੀਟਿੰਗਾਂ ਵਿੱਚ, ਤੁਹਾਨੂੰ ELL ਪ੍ਰੋਗਰਾਮਾਂ ਬਾਰੇ ਸਮੱਗਰੀ ਆਪਣੀ ਘਰ ਦੀ ਭਾਸ਼ਾ ਵਿੱਚ ਪ੍ਰਾਪਤ ਕਰਨ ਅਤੇ ELL ਸੇਵਾਵਾਂ ਬਾਰੇ ਸਵਾਲ (ਜਿਥੇ ਕਿਤੇ ਸੰਭਵ ਹੋਵੇ ਕਿਸੇ ਅਨੁਵਾਦਕ ਦੀ ਸਹਾਇਤਾ ਨਾਲ) ਪੁਛਣ ਦਾ ਮੌਕਾ ਮਿਲਦਾ ਹੈ)। ਪਰ ਪਰਿਚੈ ਮੀਟਿੰਗ ਦੇ ਅੰਤ 'ਤੇ ਸਕੂਲ ਦਾ ਸਟਾਫ਼ ਮਾਤਾ-ਪਿਤਾ ਦੇ ਸਰਵੇਖਣ ਅਤੇ ਪ੍ਰੋਗਰਾਮ ਦੀ ਚੋਣ ਸੰਬੰਧੀ ਫ਼ਾਰਮ ਇਕੱਤਰ ਕਰਦਾ ਹੈ। ਇਸ ਫ਼ਾਰਮ ਤੋਂ ਪਤਾ ਲਗਦਾ ਹੈ, ਕਿ ਤੁਸੀਂ ਆਪਣੇ ਬੱਚੇ ਲਈ ਕਿਸ ਪ੍ਰੋਗਰਾਮ ਵਾਸਤੇ ਬੇਨਤੀ ਕਰ ਰਹੇ ਹੋ।

### ਮੇਰੇ ਬੱਚੇ ਲਈ ਕਿਹੜੇ ELL ਪ੍ਰੋਗਰਾਮ ਉਪਲਬਧ ਹਨ?

- **ਅੰਗਰੇਜ਼ੀ ਸਿਖਣ ਤਕ ਦੇ ਵਿਚਲੇ ਸਮੇਂ ਵਿੱਚ ਦੋ ਭਾਸ਼ਾਵਾਂ ਵਿੱਚ ਪੜ੍ਹਾਈ (Transitional Bilingual Education, TBE)** ਦੇ ਪ੍ਰੋਗਰਾਮਾਂ ਵਿੱਚ ਭਾਸ਼ਾ ਅਤੇ ਮਜ਼ਮੂਨਾਂ ਦੀ ਪੜ੍ਹਾਈ ਵਿਦਿਆਰਥੀ ਦੀ ਆਪਣੀ ਭਾਸ਼ਾ ਹੁਨਰ ਅਤੇ ਅੰਗਰੇਜ਼ੀ ਵਿੱਚ ਕਰਵਾਈ ਜਾਂਦੀ ਹੈ ਅਤੇ ਦੂਜੀ ਭਾਸ਼ਾ ਵਜੋਂ ਅੰਗਰੇਜ਼ੀ ਦਾ ਡੂੰਘਾ ਅਧਿਐਨ ਕਰਵਾਇਆ ਜਾਂਦਾ ਹੈ। ਜਿਉਂ ਜਿਉਂ ਵਿਦਿਆਰਥੀ ਆਪਣੀ ਭਾਸ਼ਾ ਵਿੱਚ ਪ੍ਰਾਪਤ ਕੀਤੇ ਵਧੇਰੇ ਗਿਆਨ ਅਤੇ ਵਿਦਿਅਕ ਯੋਗਤਾ ਦੀ ਵਰਤੋਂ ਦੁਆਰਾ ਅੰਗਰੇਜ਼ੀ ਵਿੱਚ ਪ੍ਰਬੀਨਤਾ ਪ੍ਰਾਪਤ ਕਰਦਾ ਹੈ, ਤਾਂ ਉਸਨੂੰ ਜ਼ਿਆਦਾ ਪੜ੍ਹਾਈ ਅੰਗਰੇਜ਼ੀ ਵਿੱਚ ਕਰਵਾਈ ਜਾਂਦੀ ਹੈ, ਅਤੇ ਉਸਦੀ ਆਪਣੀ ਭਾਸ਼ਾ ਵਿੱਚ ਪੜ੍ਹਾਈ ਤਿਵੇਂ ਤਿਵੇਂ ਘਟਦੀ ਜਾਂਦੀ ਹੈ।
- **ਦੋ ਭਾਸ਼ਾਵਾਂ ਦੇ (Dual Language)** ਪ੍ਰੋਗਰਾਮ ਵਿੱਚ ਅਧੀ ਪੜ੍ਹਾਈ ਅੰਗਰੇਜ਼ੀ ਵਿੱਚ ਅਤੇ ਅਧੀ ਪੜ੍ਹਾਈ ਪ੍ਰੋਗਰਾਮ ਵਿੱਚ ਸ਼ਾਮਲ ELL ਵਿਦਿਆਰਥੀ ਦੀ ਆਪਣੀ ਭਾਸ਼ਾ (ਜਿਵੇਂ ਕਿ ਸਪੈਨਿਸ਼, ਚੀਨੀ, ਹਾਇਤੀਅਨ ਕਰਿਓਲ) ਵਿੱਚ ਕਰਾਈ ਜਾਂਦੀ ਹੈ। ਅੰਗਰੇਜ਼ੀ ਨੂੰ ਛਡਕੇ ਕੋਈ ਹੋਰ ਭਾਸ਼ਾ ਬੋਲਣ ਵਾਲੇ ਵਿਦਿਆਰਥੀਆਂ ਨੂੰ ਅੰਗਰੇਜ਼ੀ ਬੋਲਣ ਵਾਲੇ ਵਿਦਿਆਰਥੀਆਂ ਦੇ ਨਾਲ ਪੜ੍ਹਾਈ ਕਰਾਈ ਜਾਂਦੀ ਹੈ, ਤਾਂ ਜੋ ਸਾਰੇ ਵਿਦਿਆਰਥੀ ਦੋਹਾਂ ਸਭਿਆਚਾਰਾਂ ਤੋਂ ਜਾਣੂ ਹੋ ਸਕਣ ਅਤੇ ਦੋਹਾਂ ਭਾਸ਼ਾਵਾਂ ਵਿੱਚ ਤਾਕ ਹੋ ਸਕਣ।
- **ਦੂਜੀ ਭਾਸ਼ਾ ਵਜੋਂ ਅੰਗਰੇਜ਼ੀ ਵਿੱਚ ਪੜ੍ਹਾਈ ਦੇ (Freestanding English as a Second Language, ESL)** ਪ੍ਰੋਗਰਾਮ ਵਿੱਚ ਭਾਸ਼ਾ ਹੁਨਰ ਅਤੇ ਮਜ਼ਮੂਨਾਂ ਦੀ ਸਾਰੀ ਪੜ੍ਹਾਈ ਅੰਗਰੇਜ਼ੀ ਵਿੱਚ ਕਰਵਾਈ ਜਾਂਦੀ ਹੈ ਅਤੇ ਇਹਦੇ ਲਈ ਪੜ੍ਹਾਉਣ ਦੇ ਵਿਸ਼ੇਸ਼ ਤਰੀਕਿਆਂ ਦੀ ਵਰਤੋਂ ਕੀਤੀ ਜਾਂਦੀ। ਵਿਦਿਆਰਥੀ ਦੀ ਆਪਣੀ ਭਾਸ਼ਾ ਵਿੱਚ ਸਮਰਥਨ ਉਪਲਬਧ ਕਰਵਾਇਆ ਜਾ ਸਕਦਾ ਹੈ।

### ਮੇਰਾ ਬੱਚਾ ਕਦੋਂ ELL ਪ੍ਰੋਗਰਾਮਾਂ ਵਿੱਚੋਂ ਨਿਕਲ ਸਕਦਾ ਹੈ ਅਤੇ ਸਿਰਫ਼ ਇਕ ਭਾਸ਼ਾ ਅੰਗਰੇਜ਼ੀ ਵਿੱਚ ਪੜ੍ਹਾਈ ਦੀਆਂ ਕਲਾਸਾਂ ਵਿੱਚ ਸ਼ਾਮਲ ਹੋ ਸਕਦਾ ਹੈ?

ਜਦੋਂ ਤੁਹਾਡਾ ਬੱਚਾ ਇਕ ਦੂਜੀ ਭਾਸ਼ਾ ਵਜੋਂ ਅੰਗਰੇਜ਼ੀ ਦੇ ਗਿਆਨ ਦੇ ਨਿਊ ਯਾਰਕ ਸਟੇਟ ਦੇ ਟੈਸਟ (New York State English as a Second Language Achievement Test, NYSESLAT) ਵਿੱਚ ਅੰਗਰੇਜ਼ੀ ਵਿੱਚ ਪ੍ਰਬੀਨਤਾ ਦੀ ਇਕ ਖ਼ਾਸ ਪਧੱਰ 'ਤੇ ਪਹੁੰਚ ਜਾਂਦਾ ਹੈ, ਤਾਂ ਉਹ ਸਿਰਫ਼ ਇਕ ਭਾਸ਼ਾ ਵਿੱਚ ਪੜ੍ਹਾਈ ਕਰਨ ਦੇ ਪ੍ਰੋਗਰਾਮ ਵਿੱਚ ਸ਼ਾਮਲ ਹੋ ਸਕਦਾ ਹੈ। (ਇਹ ਸਿਫ਼ਾਰਸ਼ ਕੀਤੀ ਜਾਂਦੀ ਹੈ, ਕਿ ਦੋ ਭਾਸ਼ਾਵਾਂ ਵਿੱਚ ਪੜ੍ਹਾਈ ਕਰਨ ਵਾਲੇ ਵਿਦਿਆਰਥੀ ਆਪਣੀ ਪੂਰੀ ਮਿਆਦ ਲਈ ਇਸੇ ਪ੍ਰੋਗਰਾਮ ਵਿੱਚ ਰਹਿਣ)। ਜੇ ਤੁਹਾਡੇ ਬੱਚਾ ਅੰਗਰੇਜ਼ੀ ਵਿੱਚ ਪ੍ਰਬੀਨਤਾ ਪ੍ਰਾਪਤ ਕਰਨ ਤੋਂ ਬਾਅਦ ਸਾਰੀ ਪੜ੍ਹਾਈ ਸਿਰਫ਼ ਅੰਗਰੇਜ਼ੀ ਵਿੱਚ ਕਰਨ ਵਾਲੀਆਂ ਕਲਾਸਾਂ ਵਿੱਚ ਪਹੁੰਚ ਜਾਂਦਾ ਹੈ, ਤਾਂ ਉਹ ਦੋ ਭਾਸ਼ਾਈ ਜਾਂ ESL ਸਮਰਥਨ ਲੋੜ ਅਨੁਸਾਰ ਹਾਸਲ ਕਰ ਸਕਦਾ ਹੈ।